2ਪੀ.ਪੀ.II/3439, ਮਿਤੀ 25 ਮਾਰਚ, 1998 ਵਿਚ ਦਰਜ ਹਦਾਇਤਾਂ ਵੱਲ ਦੁਆਵਾਂ, ਜਿਸ ਰਾਹੀਂ ਮੁੱਖ ਤੌਰ ਤੇ ਇਹ ਬੇਨਤੀ ਕੀਤੀ ਗਈ ਸੀ ਕਿ ਵਿਭਾਗਾਂ ਦੇ ਮੁੱਖੀ ਜਾਂ ਹੋਰ ਦਫਤਰ ਸਿੱਧੇ ਤੌਰ ਤੇ ਉਨ੍ਹਾਂ ਦੇ ਦਫਤਰਾਂ ਵਿਚ ਗਜ਼ਟਿਡ ਅਫਸਰਾਂ ਵਿਰੁੱਧ ਚਲ ਰਹੀਆਂ ਵਿਭਾਗੀ ਇਨਕੁਆਰੀਆਂ ਦੀਆਂ ਪ੍ਰਗਤੀ ਰਿਪੋਰਟਾਂ ਇਸ ਵਿਭਾਗ ਨੂੰ ਨਾਂ ਭੇਜਣ ਬਲਕਿ ਇਹ ਬੇਨਤੀ ਕੀਤੀ ਗਈ ਸੀ ਕਿ ਉਹ ਕੇਵਲ ਗਜ਼ਟਿਡ ਅਫਸਰਾਂ ਸਬੰਧੀ ਹੀ ਇਹ ਪ੍ਰਗਤੀ ਰਿਪੋਰਟਾਂ ਆਪਣੇ ਪ੍ਰਬੰਧਕੀ ਵਿਭਾਗਾਂ ਰਾਹੀਂ ਇਸ ਵਿਭਾਗ ਨੂੰ ਭੇਜਣਗੇ ਤਾਂ ਜੋ ਪ੍ਰਬੰਧਕੀ ਵਿਭਾਗ ਸੰਕਲਤ ਰੂਪ ਵਿਚ ਰਿਪੋਰਟਾਂ ਇਸ ਵਿਭਾਗ ਨੂੰ ਭੇਜ ਸਕਣ ਪਰੰਤੂ ਇਹ ਵੇਖਣ ਵਿਚ ਆਇਆ ਹੈ ਕਿ ਵਿਭਾਗਾਂ ਦੇ ਮੁੱਖੀ ਜਾਂ ਹੋਰ ਦਫਤਰ ਸਿੱਧੇ ਤੌਰ ਤੇ ਹੀ ਇਹ ਤਿਮਾਹੀ ਪ੍ਰਗਤੀ ਰਿਪੋਰਟਾਂ ਇਸ ਵਿਭਾਗ ਨੂੰ ਭੇਜ ਦਿੰਦੇ ਹਨ, ਜਿਸ ਨਾਲ ਇਹ ਰਿਪੋਰਟਾਂ ਉਨ੍ਹਾਂ ਦੇ ਪ੍ਰਬੰਧਕੀ ਵਿਭਾਗਾਂ ਰਾਹੀਂ ਸੰਕਲਤ ਰੂਪ ਵਿਚ ਇਸ ਵਿਭਾਗ ਨੂੰ ਨਹੀਂ ਭੇਜੀਆਂ ਜਾ ਸਕਦੀਆਂ। ਇਸ ਤੋਂ ਇਲਾਵਾ ਇਹ ਵੀ ਦੇਖਣ ਵਿਚ ਆਇਆ ਹੈ ਕਿ ਕਈ ਵਿਭਾਗਾਂ ਵੱਲੋਂ ਭੇਜੇ ਗਏ ਵਿਭਾਗੀ ਇਨਕੁਆਰੀਆਂ ਦੇ ਕੇਸ ਕਾਫੀ ਪੁਰਾਣੇ ਚਲ ਰਹੇ ਹਨ ਜਦਕਿ ਇਸ ਵਿਭਾਗ ਦੀਆ ਹਦਾਇਤਾਂ ਨੰ: 3/32/88-2ਪੀ.ਪੀ.II/18889, ਮਿਤੀ 6 ਦਸਬੰਰ, 1988 ਅਨੁਸਾਰ ਅਜਿਹੇ ਕੇਸਾਂ ਨੂੰ 6 ਮਹੀਨੇ ਦੇ ਅੰਦਰ-ਅੰਦਰ ਨਿਪਟਾਉਣਾ ਬਣਦਾ ਹੈ। ਇਸ ਲਈ ਸਮੂਹ ਵਿਭਾਗਾਂ ਨੂੰ ਇਹ ਬੇਨਤੀ ਕੀਤੀ ਜਾਂਦੀ ਹੈ ਕਿ ਕੇਵਲ ਗਜ਼ਟਿਡ ਅਧਿਕਾਰੀਆਂ ਵਿਰੁੱਧ ਚਲ ਰਹੀਆਂ ਵਿਭਾਗੀ ਪੜਤਾਲਾਂ ਬਾਰੇ ਤਿਮਾਹੀ ਰਿਪੋਰਟਾਂ ਸਬੰਧਤ ਪ੍ਰਬੰਧਕੀ ਵਿਭਾਗਾਂ ਨੂੰ ਹੀ ਭੇਜੀਆਂ ਜਾਣ ਅਤੇ ਪ੍ਰਬੰਧਕੀ ਵਿਭਾਗ ਸੰਕਲਤ ਰੂਪ ਵਿਚ ਇਹ ਰਿਪੋਰਟਾਂ ਇਸ ਵਿਭਾਗ ਨੂੰ ਭੇਜਣਗੇ। ਇਸ ਤੋਂ ਇਲਾਵਾ ਵਿਭਾਗੀ ਇਨਕੁਆਰੀਆਂ ਦੇ ਕੇਸਾਂ ਵਿਚ ਬੇਲੋੜੀ ਦੇਰੀ ਤੋਂ ਬਚਣ ਲਈ ਇਨ੍ਹਾਂ ਕੇਸਾਂ ਨੂੰ ਇਸ ਵਿਭਾਗ ਵੱਲੋਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਨੰ: 3/32/88-2ਪੀ.ਪੀ.II/18889, ਮਿਤੀ 6 ਦਸਬੰਰ, 1988 ਦੀ ਰੋਸ਼ਨੀ ਵਿਚ 6 ਮਹੀਨੇ ਦੇ ਅੰਦਰ-ਅੰਦਰ ਨਿਪਟਾਇਆ ਜਾਵੇ। ਇਨ੍ਹਾਂ ਹਦਾਇਤਾਂ ਦੀ ਇੰਨ-ਬਿਨ ਪਾਲਣਾ ਕੀਤੀ ਜਾਵੇ।

ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।

**ਪ੍ਰਸੋਨਲ ਵਿਭਾਗ, ਪੰਜਾਬ ਵਲੋਂ ਜਾਰੀ ਗਸ਼ਤੀ ਪੱਤਰ ਨੰ: 6/15/99-6ਪੀ.ਪੀ.3/4387 ਮਿਤੀ 20 ਅਪ੍ਰੈਲ, 1999 ਦੀ ਕਾਪੀ ਜੋ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀਆਂ ਆਦਿ ਨੂੰ ਸੰਬੋਧਤ ਹੈ।**

***ਵਿਸ਼ਾ :- ਰਾਖਵੀਂ ਛੁੱਟੀ ਲਈ ਬੇਨਤੀ-ਪੱਤਰ ਘਰੋਂ ਭੇਜਣ ਸਬੰਧੀ।***

ਸ਼੍ਰੀਮਾਨ/ਸ਼੍ਰੀਮਤੀ ਜੀ,

ਉਪਰੋਕਤ ਵਿਸ਼ੇ ਸਬੰਧੀ ਧਿਆਨ ਦਿਵਾਉਂਦੇ ਹੋਏ ਮੈਨੂੰ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਕੁਝ ਵਿਭਾਗਾਂ ਵਲੋਂ ਇਸ

Service Matter Solutions Punjab https://smspunjab.in



ਸਬੰਧੀ ਸਪਸ਼ਟੀਕਰਨ ਮੰਗੇ ਗਏ ਹਨ ਕਿ ਕੀ ਕੋਈ ਕਰਮਚਾਰੀ ਰਾਖਵੀਂ ਛੁੱਟੀ ਲਈ ਬਿਨੈ-ਪੱਤਰ ਘਰੋਂ ਭੇਜ ਸਕਦਾ ਹੈ ਜਾਂ ਕਿ ਉਸ ਨੂੰ ਆਪਣੇ ਸਬੰਧਤ ਅਧਿਕਾਰੀ ਤੋ. ਪਹਿਲਾਂ ਮੰਨਜੂਰ ਕਰਵਾਉਣੀ ਚਾਹੀਦੀ ਹੈ। ਇਸ ਸਬੰਧੀ ਦਸਿਆ ਜਾਂਦਾ ਹੈ ਕਿ ਪਹਿਲਾਂ ਵੀ ਇਸ ਵਿਸ਼ੇ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਰਹੀਆਂ ਹਨ ਅਤੇ ਹੁਣ ਮੁੜ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਕਰਮਚਾਰੀ/ਅਧਿਕਾਰੀ ਰਾਖਵੀਂ ਛੁੱਟੀ ਲੈਣ ਲਈ ਆਪਣਾ ਬਿਨੈ-ਪੱਤਰ ਘਰੋਂ ਵੀ ਭੇਜ ਸਕਦੇ ਹਨ ਅਤੇ ਰਾਖਵੀਂ ਛੁੱਟੀ ਨੂੰ ਮਾਨਣ ਲਈ ਅਗੇਤੀ ਪ੍ਰਵਾਨਗੀ ਦੀ ਬੰਦਿਸ਼ ਨਹੀਂ ਹੈ।

2. ਇਹ ਹਦਾਇਤਾਂ ਸਮੂਹ ਕਰਮਚਾਰੀਆਂ ਦੇ ਧਿਆਨ ਵਿਚ ਲਿਆ ਦਿਤੀਆਂ ਜਾਣ।

**ਪ੍ਰਸੋਨਲ ਵਿਭਾਗ, ਪੰਜਾਬ ਵਲੋਂ ਜਾਰੀ ਗਸ਼ਤੀ ਪੱਤਰ ਨੰ: 1/3/95-3ਪੀ.ਪੀ.2/4480 ਮਿਤੀ 22 ਅਪ੍ਰੈਲ, 1999 ਦੀ ਕਾਪੀ ਜੋ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀਆਂ ਆਦਿ ਨੂੰ ਸੰਬੋਧਤ ਹੈ।**

***ਵਿਸ਼ਾ :- ਰੈਜੀਡੈਂਸ ਸਰਟੀਫੀਕੇਟ ਪ੍ਰਾਪਤ ਕਰਨ ਬਾਰੇ ਹਦਾਇਤਾਂ ਸਬੰਧੀ ਗਾਈਡ ਲਾਈਨਜ਼।***

ਸ਼੍ਰੀਮਾਨ/ਸ਼੍ਰੀਮਤੀ ਜੀ,

ਉਪਰੋਕਤ ਵਿਸ਼ੇ ਤੇ ਮੈਨੂੰ ਆਪਦਾ ਧਿਆਨ ਸਰਕਾਰ ਦੇ ਪੱਤਰ ਨੰ: 1/3/95-3ਪੀ.ਪੀ.2/9619, ਮਿਤੀ 6.6.96 ਵੱਲ ਦਿਵਾਉਣ ਦੀ ਹਦਾਇਤ ਹੋਈ ਹੈ, ਜਿਸ ਵਿਚ ਮੈਡੀਕਲ/ਤਕਨੀਕੀ ਸੰਸਥਾਵਾਂ ਵਿਚ ਦਾਖਲਾ ਲੈਣ ਲਈ ਰੈਜੀਡੈਂਸ ਸਰਟੀਫੀਕੇਟ ਪ੍ਰਾਪਤ ਕਰਨ ਦੀ ਵਿਧੀ ਨੂੰ ਸਰਲ ਬਣਾਉਣ ਲਈ ਗਾਈਡ-ਲਾਈਨਜ਼ ਜਾਰੀ ਕੀਤੀਆਂ ਗਈਆਂ ਹਨ। ਸਰਕਾਰ ਵਲੋਂ ਇਸ ਮਾਮਲੇ ਤੇ ਦੁਬਾਰਾ ਵਿਚਾਰ ਕਰਦੇ ਹੋਏ ਉੱਕਤ ਹਦਾਇਤਾਂ ਦੇ ਪੈਰਾ 1(ii)(ਡੀ) ਵਿਚ ਹੇਠਾਂ ਲਿਖੇ ਅਨੁਸਾਰ ਸੋਧ ਕਰਨ ਦਾ ਫੈਸਲਾ ਲਿਆ ਗਿਆ ਹੈ :—

(d) "the employees having at least 3 years of service in autonomous bodies/Companies in which Punjab Government has 20% or more share Or

the autonomous bodies/Companies which receive annual financial assistance from the Government of Punjab to the tune of 25% or more".

2. ਇਹ ਹਦਾਇਤਾਂ ਸਾਰੇ ਸਬੰਧਤਾਂ ਦੇ ਧਿਆਨ ਵਿਚ ਇੰਨ-ਬਿੰਨ ਪਾਲਣਾ ਹਿਤ ਲਿਆ ਦਿੱਤੀਆਂ ਜਾਣ।

3. ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ ਜੀ।